[VOLUME 5 I ISSUE 1 I JAN. – MARCH 2018] e ISSN 2348 –1269, Print ISSN 2349-5138
http://ijrar.com/ Cosmos Impact Factor 4.236

# ਨਾਟਕਕਾਰ ਬਲਵੰਤ ਗਾਰਗੀ ਸਬੰਧੀ ਖੋਜ-ਕਾਰਜ: ਸਥਿਤੀ ਤੇ ਮੁਲਾਂਕਣ

**ਰੁਪਿੰਦਰ ਸਿੰਘ ਢਿੱਲੋਂ**
ਅਸਿਸਟੈਂਟ ਪ੍ਰੋਫ਼ੈਸਰ,
ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ।

Received Dec. 15, 2017 Accepted Jan. 16, 2018

ਪੰਜਾਬੀ ਸਾਹਿਤ ਖੇਤਰ ਵਿਚ ਬਲਵੰਤ ਗਾਰਗੀ ਦੀ ਸਿਰਜਣਾ ਦਾ ਦਾਇਰਾ ਭਾਵੇਂ ਬਹੁ-ਵਿਧਾਈ ਹੈ ਪਰ ਉਸਨੇ ਸਾਹਿਤ ਦੇ ਹੋਰਨਾਂ ਖੇਤਰਾਂ ਨਾਲੋਂ ਨਾਟਕ/ਰੰਗਮੰਚ ਖੇਤਰ ਵਿਚ ਵਧੇਰੇ ਮਕ਼ਬੂਲੀਅਤ ਹਾਸਿਲ ਕੀਤੀ ਹੈ। ਪੰਜਾਬੀ ਨਾਟਕ ਖੇਤਰ ਵਿਚ ਪਹਿਲੀ ਪੀੜ੍ਹੀ ਦਾ ਇਹ ਅਜ਼ੀਮ ਨਾਟਕਕਾਰ/ਨਿਰਦੇਸ਼ਕ ਜੀਵਨ ਯਥਾਰਥ ਦੇ ਵਿਭਿੰਨ ਰੰਗਾਂ ਨੂੰ ਸੰਵੇਦਨਮਈ ਤੇ ਕਲਾਤਮਕ ਦ੍ਰਿਸ਼ਟੀ ਤੋਂ ਆਪਣੀਆਂ ਨਾਟ-ਕਿਰਤਾਂ ਵਿਚ ਪੇਸ਼ ਕਰਦਾ ਹੈ। ਜਿੱਥੇ ਗਾਰਗੀ ਦੇ ਸਿਰਜੇ ਨਾਟ-ਸਾਹਿਤ ਵਿਚ ਸਮਾਜਿਕ ਜੀਵਨ ਦੀਆਂ ਅਨੰਤ ਪਰਤਾਂ ਖੁੱਲ੍ਹ ਕੇ ਸਾਹਮਣੇ ਆਉਂਦੀਆ ਹਨ, ਉੱਥੇ ਇਹਨਾਂ ਨਾਟ-ਲਿਖਤਾਂ ਨੂੰ ਵਿਭਿੰਨ ਪੱਖਾਂ ਤੋਂ ਸਾਹਿਤ-ਆਲੋਚਨਾ ਤੇ ਖੋਜ ਦੇ ਅੰਤਰਗਤ ਵਿਚਾਰਦੇ ਹੋਏ, ਸਮੀਖਿਆ ਦਾ ਇੱਕ ਵਿਸ਼ਾਲ ਜ਼ਖ਼ੀਰਾ ਪ੍ਰਾਪਤ ਹੁੰਦਾ ਹੈ। ਇਹ ਸਮੁੱਚਾ ਆਲੋਚਨਾਤਮਕ ਕਾਰਜ ਲੇਖਾਂ, ਸੰਪਾਦਿਤ ਪੁਸਤਕਾਂ, ਆਲੋਚਨਾਤਮਕ ਪੁਸਤਕਾਂ, ਰੇਖਾ ਚਿੱਤਰਾਂ, ਖੋਜ-ਨਿਬੰਧਾਂ ਅਤੇ ਖੋਜ-ਪ੍ਰਬੰਧਾਂ ਦੇ ਰੂਪ ਵਿਚ ਮਿਲਦਾ ਹੈ। ਪ੍ਰਸਤੁਤ ਖੋਜ-ਪੱਤਰ ਦਾ ਵਿਸ਼ਾ ਆਲੋਚਨਾ ਤੇ ਖੋਜ ਦੇ ਦਾਇਰੇ ਵਿੱਚੋਂ ਨਾਟਕਕਾਰ ਬਲਵੰਤ ਗਾਰਗੀ ਨਾਲ ਸਬੰਧਿਤ ਵਿਭਿੰਨ ਯੂਨੀਵਰਸਿਟੀਆਂ ਵਿਚ ਕਰਵਾਈ ਗਈ ਖੋਜ ਦੀ ਸਥਿਤੀ ਅਤੇ ਇਹਨਾਂ ਖੋਜ-ਕਾਰਜਾਂ ਦੇ ਮੁਲਾਂਕਣ ਹਿੱਤ ਕੁੱਝ ਮਹੱਤਵਪੂਰਨ ਨੁਕਤੇ ਉਭਾਰਨ ਵੱਲ ਸੇਧਿਤ ਹੈ।

ਨਾਟਕਕਾਰ ਬਲਵੰਤ ਗਾਰਗੀ ਨਾਲ ਸਬੰਧਿਤ ਵਿਭਿੰਨ ਯੂਨੀਵਰਸਿਟੀਆਂ ਵਿਚ ਕਰਵਾਏ ਗਏ ਖੋਜ-ਕਾਰਜ ਪੀ-ਐਚ.ਡੀ., ਐਮ.ਫਿਲ ਅਤੇ ਐਮ.ਏ. ਦੇ ਦੂਜੇ ਸਾਲ ਵਿਚ ਜਮ੍ਹਾਂ ਕਰਵਾਏ ਖੋਜ-ਨਿਬੰਧਾਂ ਦੇ ਰੂਪ ਵਿਚ ਪ੍ਰਾਪਤ ਹੁੰਦੇ ਹਨ। ਇਹਨਾ ਖੋਜ-ਕਾਰਜਾਂ ਵਿਚੋਂ ਵਿਅਕਤੀਗਤ ਪੱਧਰ 'ਤੇ ਨਾਟਕਕਾਰਾਂ ਨਾਲ ਸੰਬੰਧਿਤ ਖੋਜ-ਕਾਰਜਾਂ ਵਿਚੋਂ ਬਲਵੰਤ ਗਾਰਗੀ ਨਾਲ ਸਬੰਧਿਤ ਸੱਭ ਤੋਂ ਵੱਧ ਖੋਜ-ਕਾਰਜਾਂ ਦੀ ਨਿਸ਼ਾਨਦੇਹੀ ਹੁੰਦੀ ਹੈ। ਵਿਭਿੰਨ ਵਿਭਾਗਾਂ, ਫ਼ੈਕਲਟੀਆਂ ਤੇ ਯੂਨੀਵਰਸਿਟੀਆਂ ਅਧੀਨ ਨਾਟਕਕਾਰ ਤੇ ਨਿਰਦੇਸ਼ਕ ਬਲਵੰਤ ਗਾਰਗੀ ਨਾਲ ਵਿਭਿੰਨ ਪੱਖਾਂ ਤੋਂ ਪੀ-ਐਚ.ਡੀ. ਪੱਧਰ ਦੇ ਕੁੱਲ 16 ਖੋਜ-ਪ੍ਰਬੰਧ, ਐਮ.ਫਿਲ ਪੱਧਰ ਦੇ 18 ਖੋਜ-ਨਿਬੰਧ ਅਤੇ ਐਮ.ਏ. ਪੱਧਰ ਦੇ 5 ਖੋਜ-ਨਿਬੰਧਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਟਕਕਾਰ ਬਲਵੰਤ ਗਾਰਗੀ ਉੱਤੇ ਖੋਜ ਕਰਵਾਉਣ ਵਿਚ ਹੋਰਨਾਂ ਯੂਨੀਵਰਸਿਟੀਆਂ ਨਾਲੋਂ ਮੋਹਰੀ ਸਥਾਨ ਹਾਸਿਲ ਕਰਦੀ ਹੈ। ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ, ਥੀਏਟਰ ਤੇ ਟੀ.ਵੀ. ਵਿਭਾਗ ਤੇ ਐਥਰੋਪੋਲੋਜੀਕਲ ਲਿੰਗੁਇਸਟਿਕ ਵਿਭਾਗ ਅਧੀਨ ਪ੍ਰਾਪਤ ਅੰਕੜਿਆਂ ਅਨੁਸਾਰ ਪੀ-ਐਚ.ਡੀ. ਦੇ 7 ਖੋਜ-ਪ੍ਰਬੰਧ, ਐਮ.ਫਿਲ ਦੇ 8 ਖੋਜ-ਨਿਬੰਧ ਅਤੇ ਐਮ.ਏ. ਪੱਧਰ ਤੇ 5 ਖੋਜ-ਨਿਬੰਧ ਲਿਖਵਾਏ ਗਏ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਗਾਰਗੀ ਨਾਲ ਸੰਬੰਧਿਤ 3 ਪੀ-ਐਚ.ਡੀ. ਖੋਜ-ਪ੍ਰਬੰਧ ਤੇ 3 ਐਮ. ਫਿਲ ਦੇ ਖੋਜ-ਨਿਬੰਧ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ 3 ਪੀ-ਐਚ.ਡੀ. ਦੇ ਖੋਜ-ਪ੍ਰਬੰਧ 2 ਐਮ.ਫਿਲ ਦੇ ਖੋਜ-ਨਿਬੰਧ ਦਿੱਲੀ ਯੂਨੀਵਰਸਿਟੀ, ਦਿੱਲੀ ਵਿਚ 1 ਪੀ-ਐਚ.ਡੀ. ਤੇ 4 ਐਮ.ਫਿਲ ਦੇ ਖੋਜ-ਨਿਬੰਧ, ਜੰਮੂ ਯੂਨੀਵਰਸਿਟੀ, ਜੰਮੂ ਵਿਚ 1 ਪੀ-ਐਚ.ਡੀ. ਦਾ ਖੋਜ-ਪ੍ਰਬੰਧ ਤੇ1ਐਮ.ਫਿਲ ਦਾ ਖੋਜ-ਨਿਬੰਧ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰਕਸ਼ੇਤਰ ਵਿਚ 1 ਪੀ-ਐਚ.ਡੀ. ਦੇ ਖੋਜ-ਪ੍ਰਬੰਧ ਦੀ ਨਿਸ਼ਾਨਦੇਹੀ ਕੀਤੀ ਗਈ ਹੈ।

ਖੋਜ ਦੇ ਪੱਧਰ ਤੇ ਖੋਜ-ਪੱਤਰ ਦੀ ਸਮਾਂ-ਸੀਮਾਂ ਨੂੰ ਮੱਦਨੇਜ਼ਰ ਰਖਦਿਆਂ ਐਮ.ਫਿਲ ਤੇ ਐਮ.ਏ ਪੱਧਰ ਦੇ ਖੋਜ-ਨਿਬੰਧਾਂ ਨੂੰ ਮੁਲਾਂਕਣ ਅਧੀਨ ਨਾ ਰੱਖਦੇ ਹੋਏ ਕੇਵਲ ਪੀ-ਐਚ.ਡੀ. ਪੱਧਰ ਦੇ ਖੋਜ-ਪ੍ਰਬੰਧਾਂ ਨੂੰ ਹੀ ਮੁੱਖ ਰੂਪ ਵਿਚ ਮੁਲਾਂਕਣ ਦਾ ਆਧਾਰ ਰੱਖਿਆ ਗਿਆ ਹੈ ਕਿਉਂਕਿ ਐਮ.ਫਿਲ ਦੇ ਖੋਜ-ਨਿਬੰਧਾਂ ਵਿਚ ਕੋਈ ਨਵੀਨ ਧਾਰਨਾ ਉੱਭਰ ਕੇ ਸਾਹਮਣੇ ਨਹੀਂ ਆਉਂਦੀ ਬਲਕਿ ਜ਼ਿਆਦਾਤਰ ਪੂਰਵਲੀਆਂ ਸਥਾਪਿਤ ਰਾਵਾਂ/ਧਾਰਨਾਵਾਂ ਦਾ ਦੁਹਰਾਉ ਹੀ ਕੀਤਾ ਮਿਲਦਾ ਹੈ।

ਇਹਨਾਂ ਖੋਜ-ਪ੍ਰਬੰਧਾਂ ਨੂੰ ਅਧਿਐਨ ਵਿਧੀ ਦੇ ਪ੍ਰਸੰਗ ਵਿਚ ਮੁਲਾਂਕਣ ਕਰਨ ਸਮੇਂ ਕੁੱਝ ਨੁਕਤੇ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਇਹਨਾਂ ਵਿਚੋਂ ਕੁੱਝ ਖੋਜ-ਪ੍ਰਬੰਧਾਂ ਵਿਚ ਅਪਣਾਈ ਗਈ ਆਲੋਚਨਾ ਵਿਧੀ ਜਾਂ ਅਧਿਐਨ ਵਿਧੀ ਦੇ ਸਿਧਾਂਤਕ ਪੱਖ ਤੋਂ ਪੱਧਤੀਆਂ/ਪੈਮਾਨੇ ਜਾਂ ਅਧਿਐਨ ਮਾਡਲ ਨੂੰ ਸਥਾਪਿਤ ਕਰ ਸਕਣ ਦੀ ਅਣਹੋਂਦ ਰਹਿੰਦੀ ਹੈ। ਖੋਜਾਰਥੀਆਂ ਦਾ ਰੁਝਾਨ ਆਲੋਚਨਾ ਵਿਧੀ ਦੇ ਇਤਿਹਾਸਕ ਪਿਛੋਕੜ ਜਾਂ ਸਫ਼ਰ ਨੂੰ ਉਲੀਕਣ ਵੱਲ ਹੀ ਵਧੇਰੇ ਰਹਿੰਦਾ ਹੈ ਜਦੋਂ ਕਿ ਨਿਰਧਾਰਤ ਕੀਤੀ ਗਈ ਆਲੋਚਨਾ ਵਿਧੀ ਦੇ ਸਿਧਾਂਤਕ ਸੰਕਲਪਾਂ ਤੇ ਅਧਿਐਨ-ਮਾਡਲ ਦੀ ਉਸਾਰੀ ਕਰਨ ਵੱਲ ਕੋਈ ਵਿਸ਼ੇਸ਼ ਰੁਚੀ ਨਹੀਂ ਝਲਕਦੀ । ਜਿੰਨ੍ਹਾਂ ਖੋਜਾਰਥੀਆਂ ਨੇ ਆਪਣੇ ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਅਧਿਐਨ ਵਿਧੀ ਦੇ ਸਿਧਾਂਤਕ ਸੰਕਲਪਾਂ ਨੂੰ ਦਿੱਤਾ ਵੀ ਹੈ ਤਾਂ ਉਨ੍ਹਾਂ ਵਿਚੋਂ ਕੁੱਝ ਨੇ ਨਿਰੋਲ ਪੱਛਮੀ ਚਿੰਤਕਾਂ ਦੀਆਂ ਟਿੱਪਣੀਆਂ ਤੇ ਹਵਾਲਿਆਂ ਨੂੰ ਹੀ ਆਧਾਰ ਬਣਾਇਆ ਹੈ। ਕਈ-ਕਈ ਪੰਨਿਆ ਤੱਕ ਨਿਰੰਤਰ ਚਿੰਤਕਾਂ ਦੇ ਹਵਾਲੇ ਹੀ ਕੋਟ ਕੀਤੇ ਵੇਖੇ ਜਾ ਸਕਦੇ ਹਨ। ਜਦਕਿ ਮੌਲਿਕ ਧਾਰਨਾਵਾਂ ਦੀ ਪ੍ਰਸਤੁਤੀ ਨਾਮਾਤਰ ਹੀ ਹੁੰਦੀ ਹੈ। ਪੂਰਵਲੀਆਂ ਸਥਾਪਿਤ ਧਾਰਨਾਵਾਂ ਦਾ ਜਾਂ ਤਾਂ ਕ੍ਰਮਿਕ ਦੁਹਰਾਉ ਕੀਤਾ ਗਿਆ ਹੈ ਅਤੇ ਜਾਂ ਫਿਰ ਇਹਨਾਂ ਪੂਰਵਲੀਆਂ ਰਾਵਾਂ ਦੀ ਹੀ ਚੀਰ-ਫਾੜ ਕਰਕੇ ਆਪਣੀਆਂ ਰਾਵਾਂ ਦਾ ਨਿਰਮਾਣ ਕੀਤਾ ਗਿਆ ਹੈ। ਇਸ ਦਿਸ਼ਾ ਵਿਚ ਖੋਜਾਰਥੀ ਨੀਲਮ ਸ਼ਰਮਾ, ਅਨੀਤਾ ਰਾਣੀ, ਸੰਤ ਪ੍ਰਕਾਸ਼ ਸਿੰਘ, ਦਵਿੰਦਰ ਸਿੰਘ ਤੇ ਸੰਦੀਪ ਸਿੰਘ ਦਾ ਖੋਜ-ਕਾਰਜ ਵੇਖਿਆ ਜਾ ਸਕਦਾ ਹੈ।

ਖੋਜ-ਕਾਰਜਾਂ ਵਿਚੋਂ ਬਹੁਗਿਣਤੀ ਖੋਜਾਰਥੀਆਂ ਨੇ ਗਾਰਗੀ ਦੇ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਕੀਤਾ ਹੈ। ਇਹਨਾਂ ਦਾ ਅਧਿਐਨ ਕਰਦਿਆਂ ਕਿਧਰੇ ਵੀ ਖੋਜਾਰਥੀ ਦੀ ਸੁਰ ਆਲੋਚਨਾਤਮਕ ਹੁੰਦੀ ਨਜ਼ਰ ਨਹੀਂ ਆਉਂਦੀ ਬਲਕਿ ਪਾਠਮੂਲਕ ਵਿਆਖਿਆ ਹੀ ਪ੍ਰਾਪਤ ਹੁੰਦੀ ਹੈ। ਖੋਜਾਰਥੀਆਂ ਦੀ ਅਧਿਐਨ-ਪਹੁੰਚ ਆਲੋਚਨਾਤਮਕ ਦੀ ਬਜਾਏ ਸ਼ਰਧਾਮਈ ਤੇ ਵਿਆਖਿਆਮਈ ਜ਼ਿਆਦਾ ਹੈ। ਬਲਵੰਤ ਗਾਰਗੀ ਦੇ ਨਾਟਕਾਂ, ਮੰਚ-ਵਿਉਂਤ ਜਾਂ ਪਾਤਰ-ਚਿਤਰਨ ਪੱਖੋਂ ਕਮਜ਼ੋਰੀਆਂ, ਊਣਤਾਈਆਂ ਨੂੰ ਸਾਹਮਣੇ ਲੈ ਕੇ ਆ ਸਕਣ ਦਾ ਰੁਝਾਨ ਨਹੀਂ ਮਿਲਦਾ।

ਜ਼ਿਆਦਾਤਰ ਖੋਜਾਰਥੀਆਂ ਦਾ ਰੁਝਾਨ ਗਾਰਗੀ ਦੀਆਂ ਨਾਟ-ਕਿਰਤਾਂ ਦੇ ਪਾਠਮੂਲਕ ਵੇਰਵਿਆਂ ਤੇ ਕਥਾ-ਪ੍ਰਸੰਗਾਂ ਦੀ ਸਮੀਖਿਆ ਕਰਨ ਵੱਲ ਹੀ ਉਲਾਰ ਰਹਿੰਦਾ ਹੈ। ਇਸ ਸਬੰਧੀ ਖੋਜਾਰਥੀ ਸੰਦੀਪ ਸਿੰਘ, ਸੰਤ ਪ੍ਰਕਾਸ਼, ਅਮਰੀਕ ਸਿੰਘ, ਮਨਜੀਤ ਕੌਰ ਤੇ ਕਾਂਤਾ ਦੇ ਖੋਜ-ਕਾਰਜ ਨੂੰ ਗਿਣਿਆ ਜਾ ਸਕਦਾ ਹੈ। ਇਹਨਾਂ ਤੋਂ ਇਲਾਵਾ ਇੱਕਾ-ਦੁੱਕਾ ਯਤਨ ਪੂਰਵਲੀਆਂ ਧਾਰਨਾਵਾਂ ਦੀ ਸਥਾਪਤੀ ਨੂੰ ਭੰਗ ਕਰਨ ਵਾਲੇ ਪ੍ਰਾਪਤ ਹੁੰਦੇ ਹਨ। ਖੋਜਾਰਥੀਆਂ ਨੇ ਗਾਰਗੀ ਦੀ ਨਾਟ-ਚੇਤਨਾ ਦੇ ਸਾਕਾਰਤਮਕ ਪੱਖਾਂ ਨੂੰ ਹੀ ਚਿਤਰਿਆ ਹੈ ਜਦਕਿ ਸੁਰਿੰਦਰ ਸਿੰਘ ਭੁੱਲਰ ਨੇ ਗਾਰਗੀ ਦੀ ਨਾਟ-ਕਲਾ ਦੀਆਂ ਕੁੱਝ ਕਮਜ਼ੋਰੀਆਂ ਵੱਲ ਧਿਆਨ ਦਵਾਉਂਦੇ ਹੋਏ, ਵਾਰਤਾਲਾਪ ਸਬੰਧੀ ਨਵੀਂ ਧਾਰਨਾ ਵੀ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਹੋਰਨਾਂ ਖੋਜਾਰਥੀਆਂ ਨੇ ਲਗਭਗ ਇਕੋ-ਜਿਹੀਆ, ਪੂਰਵਲੀਆਂ ਰਾਵਾਂ ਦਾ ਸਮਰਥਨ ਕਰਦੇ ਹੋਏ ਧਾਰਨਾਵਾਂ ਦਾ ਦੁਹਰਾਉ ਹੀ ਕੀਤਾ ਹੈ।

ਇੱਥੇ ਰੰਗਮੰਚੀ ਅਧਿਐਨ ਵਿਧੀ ਨਾਲ ਜੁੜੇ ਕੁਝ ਨੁਕਤੇ ਵੀ ਵਿਚਾਰਨੇ ਜਰੂਰੀ ਜਾਪਦੇ ਹਨ।ਸੰਦੀਪ ਸਿੰਘ ਤੇ ਸੰਤ ਪ੍ਰਕਾਸ਼ ਸਿੰਘ ਦੇ ਖੋਜ-ਪ੍ਰਬੰਧ ਗਾਰਗੀ ਦੀ ਰੰਗਮੰਚੀ ਯੋਗਤਾ ਨੂੰ ਨਿਰਧਾਰਤ ਕਰਨ ਹਿਤ ਲਿਖੇ ਗਏ ਹਨ।ਇਨ੍ਹਾਂ ਵਿਚ ਰੰਗਮੰਚੀ ਅਧਿਐਨ-ਮਾਡਲ ਦਾ ਆਧਾਰ ਨਾਟ-ਕਿਰਤਾਂ ਦੇ ਲਿਖਤ ਪੱਖ ਨੂੰ ਹੀ ਮੰਨਿਆ ਗਿਆ ਹੈ ਜਦਕਿ ਪ੍ਰਾਪਤ ਅਧਿਐਨ ਨਾਟਕਾਂ ਦੇ ਰੰਗਮੰਚੀ ਪ੍ਰਦਰਸ਼ਨ ਦੇ ਤੱਤਾਂ ਨਾਲ ਜੁੜਦਾ ਹੈ।ਇਹ ਠੀਕ ਹੈ ਕਿ ਮਹਿਜ਼ ਪ੍ਰਦਰਸ਼ਨੀ ਰੂਪ ਵਜੋਂ ਖੋਜ -ਅਧਿਐਨ ਦਾ ਆਧਾਰ ਢੁੱਕਵਾਂ ਨਹੀਂ ਕਿਉਂਕਿ ਸਮਾਂ, ਸਥਾਨ ਅਤੇ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਨਾਟ-ਪ੍ਰਦਰਸ਼ਨੀਆਂ ਵਿਚ ਸਮਾਨਤਾ ਦੇ ਆਸਾਰ ਨਹੀਂ ਜਾਪਦੇ ਪਰ ਜੇਕਰ ਸਾਹਿਤਕ ਪੱਖ ਤੋਂ ਪਹਿਲਾਂ ਹੀ ਭਰਤਮੁਨੀ ਤੇ ਅਰਸਤੂ ਦੇ ਆਲੋਚਨਾ-ਸੰਕਲਪ ਮੌਜੂਦ ਹਨ ਤਾਂ ਕੀ ਵੱਖਰੇ ਪੱਧਰ ਉੱਤੇ ਰੰਗਮੰਚੀ ਅਧਿਐਨ ਦੀ ਕੋਈ ਜ਼ਰੂਰਤ ਤੇ ਸਾਰਥਿਕਤਾ ਹੈ? ਕਿਉਂਕਿ ਰੰਗਮੰਚੀ ਅਧਿਐਨ ਵਿਧੀ ਦੇ ਮਾਡਲ ਦਾ ਆਧਾਰ ਤਾਂ ਨਾਟਕਾਂ ਦਾ ਲਿਖਤ ਪਾਠ ਹੀ ਹੁੰਦਾ ਹੈ ਜਿਸ ਵਿਚ ਕਥਾਨਕ, ਪਾਤਰ ਚਿਤਰਨ, ਭਾਸ਼ਾ, ਵਾਰਤਾਲਾਪ, ਸ਼ੈਲੀ ਆਦਿ ਵਰਗੇ ਨਾਟਕੀ ਤੱਤ ਤਾਂ ਪਹਿਲਾਂ ਹੀ ਸਾਹਿਤ- ਸ਼ਾਸ਼ਤਰੀ ਪਰਿਪੇਖ ਅਧੀਨ ਵਿਚਾਰੇ ਜਾ ਚੁੱਕੇ ਹੁੰਦੇ ਹਨ।ਰੰਗਮੰਚ ਅਧਿਐਨ ਵਿਧੀ ਨਾਲ ਜੁੜੇ ਇਨ੍ਹਾਂ ਖੋਜ-ਪ੍ਰਬੰਧਾਂ ਵਿਚ ਨਾ ਤਾਂ ਨਾਟ-ਪ੍ਰਦਰਸ਼ਨੀਆਂ ਦੀ ਕੋਈ ਪ੍ਰਮਾਣਿਕ ਸੂਚੀ ਦਿੱਤੀ ਹੈ ਅਤੇ ਨਾ ਹੀ ਅਧਿਐਨ ਦੀ ਕੋਈ ਆਲੋਚਨਾਤਮਕ ਸੁਰ ਹੀ ਅਪਣਾਈ ਗਈ ਹੈ।ਮਹਿਜ਼ ਵਿਆਖਿਆ ਜਾਂ ਕੁਝ ਰੰਗਮੰਚੀ ਤੱਤਾਂ ਦੇ ਨਾਟਕੀ ਪਾਠ ਵਿਚੋਂ ਨਿਖੇੜੇ ਨੂੰ ਪੇਸ਼ ਕਰ ਦੇਣਾ ਹੀ ਖੋਜ ਨਹੀਂ ਕਿਹਾ ਜਾ ਸਕਦਾ।

ਬਲਵੰਤ ਗਾਰਗੀ ਦੇ ਨਾਟਕਾਂ ਦੀ ਭਾਸ਼ਾ ਸਬੰਧੀ ਖੋਜਾਰਥੀਆਂ ਦੀਆਂ ਲਗਭਗ ਇਕਤਰਫਾ ਧਾਰਨਾਵਾਂ ਹੀ ਪ੍ਰਾਪਤ ਹੁੰਦੀਆਂ ਹਨ, ਜਿਹੜੀਆਂ ਗਾਰਗੀ ਦੀ ਭਾਸ਼ਾ ਵਿਚ ਕਾਮੁਕ ਸਬੰਧਾਂ ਦੇ ਨਿਸੰਗ ਪ੍ਰਗਟਾਵੇ, ਮਾਨਸਿਕ ਦਵੰਦਾਂ ਨੂੰ ਪ੍ਰਗਟਾਉਣ ਵਾਲੀ ਅਤੇ ਠੇਠ ਮਲਵਈ ਲਹਿਜ਼ਾ ਹੋਣ ਜਿਹੇ ਆਧਾਰਾਂ ਦੇ ਇਰਦ-ਗਿਰਦ ਘੁੰਮਦੀਆਂ ਹਨ।ਇੱਥੇ ਖੋਜਾਰਥੀ ਜਸਵੰਤ ਸਿੰਘ ਦੇ ਖੋਜ-ਪ੍ਰਬੰਧ ਦਾ ਜ਼ਿਕਰ ਕਰਨਾ ਬਣਦਾ ਹੈ ਜਿਸਨੇ ਗਾਰਗੀ ਉੱਤੇ ਸਿੱਧੇ ਤੌਰ ’ਤੇ ਖੋਜ ਕਾਰਜ ਨਹੀਂ ਕੀਤਾ ਬਲਕਿ ਪ੍ਰਵਿਰਤੀਆਂ ਅਧੀਨ ਗਾਰਗੀ ਸਬੰਧੀ ਨਿੱਖੜਵੀਂ ਰਾਏ ਪੇਸ਼ ਕੀਤੀ ਹੈ।ਉਸਨੇ ਇਨ੍ਹਾਂ ਪੂਰਵ-ਪ੍ਰਚਲਿਤ ਧਾਰਨਾਵਾਂ ਦਾ ਸਮਰਥਨ ਤਾਂ ਕੀਤਾ ਹੈ ਤੇ ਗਾਰਗੀ ਦੀ ਭਾਸ਼ਾ ਵਿਚ ਅਸ਼ਲੀਲ ਵੇਰਵਿਆਂ ਨੂੰ ਭਾਰੂ ਮੰਨਿਆ ਹੈ ਪਰ ਉਸਨੇ ਅਸ਼ਲੀਲਤਾ ਨੂੰ ਅਪਣਾਉਣ ਪਿੱਛੇ ਗਾਰਗੀ ਦੇ ਨਾਟਕੀ-ਸੂਹਜ ਤੇ ਵਿਸ਼ਾ-ਪ੍ਰਯੋਜਨ ਨੂੰ ਤਰਕ ਸਹਿਤ ਇਸਦੇ ਮੁੱਖ ਕਾਰਨ ਮੰਨਿਆ ਹੈ।

ਜਸਵੰਤ ਸਿੰਘ ਨੇ ਗਾਰਗੀ ਦੇ ਨਾਟਕਾਂ ਵਿਚਲੀ ਭਾਸ਼ਾ ਦੇ ਕਾਮੁਕ ਹੋਣ ਪਿੱਛੇ ਨਾਟ-ਵਿਸ਼ੇ ਦੀ ਸਪਸ਼ਟਤਾ ਦੇ ਪ੍ਰਯੋਜਨ ਨੂੰ ਤਰਜੀਹ ਦਿੰਦੇ ਹੋਏ, ਗਾਰਗੀ ਨੂੰ ਅਸ਼ਲੀਲਤਾ ਤੋਂ ਰਹਿਤ ਨਾਟਕਕਾਰ ਮੰਨਿਆ ਹੈ।

ਖੋਜ ਵਿਚ ਜਿੱਥੇ ਆਲੋਚਨਾ ਵਿਧੀ ਦੇ ਸਿਧਾਂਤਕ ਮਿਆਰਾਂ/ਸੰਕਲਪਾਂ ਅਨੁਸਾਰ ਨਾਟ-ਕਿਰਤਾਂ ਦਾ ਅਧਿਐਨ ਹੋਣਾ ਜਰੂਰੀ ਹੈ ਉੱਥੇ ਨਾਟ-ਕਿਰਤਾਂ ਨੂੰ ਨਾਟ-ਸੰਕਲਪ ਅਨੁਸਾਰ ਢੁੱਕਵੇਂ/ ਅਢੁੱਕਵੇਂ ਹੋਣ ਨੂੰ ਵੀ ਵਿਚਾਰਿਆ ਜਾਣਾ ਚਾਹੀਦਾ ਹੈ।ਅਜਿਹੇ ਪ੍ਰਯੋਜਨ ਲਈ ਨਾਟਕ/ਰੰਗਮੰਚ ਦੇ ਸਿਧਾਂਤਕ ਚੌਖ਼ਟੇ ਦੀ ਉਸਾਰੀ ਕਰਨਾ ਵੀ ਖੋਜ ਦਾ ਜ਼ਰੂਰੀ ਹਿੱਸਾ ਬਣ ਜਾਂਦਾ ਹੈ।ਬਲਵੰਤ ਗਾਰਗੀ ਨਾਲ ਜੁੜੇ ਇਨ੍ਹਾਂ ਖੋਜ ਕਾਰਜਾਂ ਨੂੰ ਜਦੋਂ ਇਸ ਪੱਖੋਂ ਪੜਚੋਲਦੇ ਹਾਂ ਤਾਂ ਬਹੁਤ ਘੱਟ ਖੋਜ-ਪ੍ਰਬੰਧ ਇਸ ਦਿਸ਼ਾ ਵਿਚ ਨਜ਼ਰੀ ਪੈਂਦੇ ਹਨ।ਜ਼ਿਆਦਾਤਰ ਖੋਜਾਰਥੀ ਨਾਟਕ ਦੇ ਸਿਧਾਂਤਕ ਪੱਖ ਨੂੰ ਚਿਤਰਨਾ ਉਚਿਤ ਹੀ ਨਹੀਂ ਸਮਝਦੇ ਬਲਕਿ ਆਪਣੇ ਪਹਿਲੇ ਅਧਿਆਇ ਵਿਚ ਸਿਰਫ ਪੱਛਮੀ ਆਲੋਚਨਾ ਵਿਧੀ ਦੇ ਭਾਰੇ ਸੰਕਲਪਾਂ ਨੂੰ ਪ੍ਰਸਤੁਤ ਕਰਨ ਵਿਚ ਹੀ ਰੁਝੇ ਰਹਿੰਦੇ ਹਨ।ਕਈ ਖੋਜਾਰਥੀ ਨਾਟ-ਕਿਰਤਾਂ ਦੇ ਅਧਿਐਨ-ਵਿਸ਼ਲੇਸ਼ਣ ਦੇ ਦੌਰਾਨ ਪੱਛਮੀ ਆਲੋਚਨਾ ਵਿਧੀਆਂ ਦੇ ਸੰਕਲਪਾਂ ਨੂੰ ਮੱਲੋ-ਜ਼ੋਰੀ ਨਾਟ-ਕਿਰਤਾਂ ਦੇ ਪਾਠ/ਪ੍ਰਸੰਗ ਉੱਤੇ ਲਾਗੂ ਕਰਦੇ ਹਨ।ਅਜਿਹੇ ਸਮੇਂ ਨਾਟ-ਕਿਰਤਾਂ ਦੇ ਨਾਟਕੀ ਰੂਪ ਅਤੇ ਰੰਗਮੰਚੀ ਸੰਭਾਵਨਾਵਾਂ ਨਿਰੋਲ ਵੇਰਵਾਮੂਲਕ ਅਧਿਐਨ ਦੇ ਭਾਰ ਥੱਲੇ ਲਤਾੜੀਆਂ ਜਾਂਦੀਆਂ ਹਨ।ਸੰਤ ਪ੍ਰਕਾਸ਼ ਸਿੰਘ, ਮਨਜੀਤ ਕੌਰ, ਸੰਦੀਪ ਸਿੰਘ, ਅਨੀਤਾ ਰਾਣੀ, ਕਾਂਤਾ ਅਤੇ ਪ੍ਰਵੀਨ ਕੁਮਾਰੀ ਦਾ ਖੋਜ-ਕਾਰਜ ਇਸਦੀਆਂ ਪ੍ਰਮੁੱਖ ਉਦਾਹਰਨਾ ਹਨ।

ਖੋਜ-ਵਿਸ਼ਿਆਂ ਦੇ ਦੁਹਰਾਉ ਦਾ ਰੁਝਾਨ ਖੋਜ ਵਿਚੋਂ ਮੌਲਿਕਤਾ ਖ਼ਤਮ ਕਰਦਾ ਜਾ ਰਿਹਾ ਹੈ।ਬਲਵੰਤ ਗਾਰਗੀ ਨਾਲ ਜੁੜੇ ਕੁਝਖੋਜ-ਪ੍ਰਬੰਧ ਅਜਿਹੇ ਹਨ ਜਿਨ੍ਹਾਂ ਦਾ ਖੋਜ-ਵਿਸ਼ਾ, ਅਧਿਐਨ ਆਧਾਰਿਤ ਨਾਟ-ਕਿਰਤਾਂ ਅਤੇ ਅਧਿਐਨ ਵਿਧੀ ਸਮਾਨ ਹੀ ਹੈ।ਖੋਜ ਸਬੰਧੀ ਕਿਸੇ ਤਾਲਮੇਲ ਦੀ ਅਣਹੋਂਦ ਕਾਰਨ ਦੋ ਯੂਨੀਵਰਸਿਟੀਆਂ ਵਿਚ ਇਕੋ ਹੀ ਵਿਸ਼ੇ ਉੱਤੇ ਖੋਜ-ਕਾਰਜ ਕਰਵਾਇਆ ਗਿਆ ਹੈ, ਜਿਵੇਂ,

- ਬਲਵੰਤ ਗਾਰਗੀ ਦੇ ਨਾਟਕ : ਇਕ ਆਲੋਚਨਾਤਮਕ ਅਧਿਐਨ, ਖੋਜਾਰਥੀ ਅਮਰੀਕ ਸਿੰਘ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, ਨਿਗਰਾਨ ਡਾ.ਕਰਮਜੀਤ ਸਿੰਘ, ਸਾਲ 1987.
- ਬਲਵੰਤ ਗਾਰਗੀ ਦੇ ਨਾਟਕਾਂ ਦਾ ਆਲੋਚਨਾਤਮਕ ਅਧਿਐਨ, ਖੋਜਾਰਥੀ ਸੁਰਿੰਦਰ ਸਿੰਘ ਭੁੱਲਰ, ਦਿੱਲੀ ਯੂਨੀਵਰਸਿਟੀ ਦਿੱਲੀ, ਨਿਗਰਾਨ ਡਾ. ਜਗਬੀਰ ਸਿੰਘ, ਸਾਲ 1990.
- ਬਲਵੰਤ ਗਾਰਗੀ ਅਤੇ ਕਪੂਰ ਸਿੰਘ ਘੁੰਮਣ ਦੇ ਨਾਟਕਾਂ ਦੇ ਪ੍ਰਸੰਗ ਵਿਚ ਪੰਜਾਬੀ ਨਾਟਕ ਦੀ ਰੰਗਮੰਚੀ ਸਾਰਥਿਕਤਾ, ਖੋਜਾਰਥੀ ਸੰਤ ਪ੍ਰਕਾਸ਼ ਸਿੰਘ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਨਿਗਰਾਨ ਡਾ. ਰਘਬੀਰ ਸਿੰਘ, ਸਾਲ 1990.
- ਬਲਵੰਤ ਗਾਰਗੀ ਦੇ ਨਾਟਕਾਂ ਦਾ ਰੰਗਮੰਚੀ ਅਧਿਐਨ, ਖੋਜਾਰਥੀ ਸੰਦੀਪ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਨਿਗਰਾਨ ਡਾ. ਸਤੀਸ਼ ਕੁਮਾਰ ਵਰਮਾ, ਸਾਲ 2001.

ਬਲਵੰਤ ਗਾਰਗੀ ਨਾਲ ਜੁੜੀ ਨਾਟ-ਖੋਜ ਦਾ ਵਧੇਰੇ ਹਿੱਸਾ ਉਸਦੇ ਨਾਰੀ ਪਾਤਰਾਂ ਦੇ ਅਧਿਐਨ ਉਤੇ ਕੇਂਦਰਿਤ ਹੈ।ਚਾਰ ਖੋਜ-ਪ੍ਰਬੰਧ ਨਾਰੀ ਚੇਤਨਾ ਦੇ ਸਿਧਾਂਤਕ ਸੰਕਲਪਾਂ ਆਧਾਰਿਤ ਗਾਰਗੀ ਦੇ ਨਾਟਕਾਂ ਵਿਚਲੀਆਂ ਇਸਤਰੀ ਪਾਤਰਾਂ ਦੇ ਅਧਿਐਨ ਕਰਨ ਨਾਲ ਜੁੜੇ ਹੋਏ

ਹਨ।ਇਨ੍ਹਾਂ ਖੋਜ-ਕਾਰਜਾਂ ਵਿਚ ਨਾਰੀਵਾਦ ਦੇ ਸੰਕਲਪਾਂ ਜਾਂ ਪੱਧਤੀਆਂ ਨੂੰ ਨਿਸ਼ਚਿਤ ਕਰਦਿਆਂ, ਅਧਿਐਨ ਮਾਡਲ ਉਸਾਰਨ ਦੀ ਥਾਂ ਨਾਰੀ ਦੇ ਪ੍ਰਾਚੀਨ ਸਮੇਂ ਤੋਂ ਆਧੁਨਿਕ ਸਮੇਂ ਤੱਕ ਦੁਖਾਂਤਕ ਜਾਂ ਸਮਾਜਿਕ ਵਿਤਕਰੇ ਦੇ ਸਫ਼ਰ ਨੂੰ ਹੀ ਚਿਤਰਿਆ ਗਿਆ ਹੈ।ਇਨ੍ਹਾਂ ਵਿਚ ਮਨਜੀਤ ਕੌਰ, ਕਾਂਤਾ, ਪ੍ਰਵੀਨ ਕੁਮਾਰੀ ਅਤੇ ਮਨੋਰਮਾ ਸਮਾਘ ਦਾ ਖੋਜ-ਕਾਰਜ ਗਿਣਿਆ ਜਾ ਸਕਦਾ ਹੈ।ਇਹ ਖੋਜ-ਕਾਰਜ ਗਾਰਗੀ ਦੇ ਨਾਟਕਾਂ ਦੀਆਂ ਇਸਤਰੀ ਪਾਤਰਾਂ ਦੀਆਂ ਮਹਿਜ਼ ਦੁਖਾਂਤਕ ਸਥਿਤੀਆਂ ਦੀ ਨਿਸ਼ਾਨਦੇਹੀ ਤੇ ਉਭਾਰਨ ਵੱਲ ਜਿਆਦਾ ਉਲਾਰ ਰਹਿੰਦੇ ਹਨ ਜਦਕਿ ਖੋਜਾਰਥੀਆਂ ਦਾ ਇਨ੍ਹਾਂ ਸਮਾਜਿਕ ਦੁਖਾਂਤਾ ਦੇ ਪੈਦਾ ਹੋਣ ਦੇ ਕਾਰਨਾਂ, ਗਾਰਗੀ ਦੀ ਇਨ੍ਹਾਂ ਦੁਖਾਂਤਕ ਸਥਿਤੀਆਂ ਨੂੰ ਨਾਟਕੀ-ਸੁਹਜ ਰਾਹੀਂ ਪੇਸ਼ ਕਰ ਸਕਣ ਦੀ ਸਮਰੱਥਾ ਅਤੇ ਸੰਭਾਵੀ ਹੱਲ ਦੇਣ ਨੂੰ ਉਭਾਰਨ ਵੱਲ ਕੋਈ ਰੁਝਾਨ ਵੇਖਣ ਨੂੰ ਨਹੀਂ ਮਿਲਦਾ।ਇਨ੍ਹਾਂ ਖੋਜ-ਕਾਰਜਾਂ ਦੀ ਇਹ ਵੀ ਸੀਮਾਂ ਰਹਿੰਦੀ ਹੈ ਕਿ ਇਹ ਗਾਰਗੀ ਦੇ ਹਰੇਕ ਨਾਟਕ ਦੀ ਮੁੱਖ ਇਸਤਰੀ ਪਾਤਰ ਤੋਂ ਇਲਾਵਾ ਹੋਰਨਾਂ ਗੌਣ ਇਸਤਰੀ ਪਾਤਰਾਂ ਨੂੰ ਵਿਚਾਰਨ ਵੱਲ ਬਿਲਕੁਲ ਵੀ ਰੁਚਿਤ ਨਹੀਂ ਹਨ।ਜਦੋਂਕਿ ਗਾਰਗੀ ਦੀਆਂ ਨਾਟ-ਕਿਰਤਾਂ ਵਿਚ ਜ਼ਿਆਦਾਤਰ ਇਸਤਰੀ ਪਾਤਰ ਜਾਂ ਤਾਂ ਸਿੱਧੇ ਤੌਰ ਉਤੇ ਮਨੋਗੁੰਝਲਾਂ ਦਾ ਸ਼ਿਕਾਰ ਹੁੰਦੀਆਂ ਹਨ ਅਤੇ ਜਾਂ ਫਿਰ ਕਿਸੇ ਮਨੋਗੁੰਝਲ ਸਿਰਜਣ ਵਾਲੀ ਸਥਿਤੀ ਦਾ ਕਾਰਨ ਬਣਦੀਆਂ ਹਨ।ਔਰਤ ਲਈ ਸਮਾਜਿਕ ਪੱਧਰ ਉਤੇ ਦੁਖਾਂਤਕ ਅਤੇ ਤ੍ਰਾਸਦਿਕ ਹਾਲਾਤ ਪੈਦਾ ਕਰਨ ਦੇ ਜ਼ਿੰਮੇਵਾਰ ਮਰਦ ਪਾਤਰਾਂ ਨੂੰ ਵੀ ਇਸ ਅਧਿਐਨ ਦਾ ਅੰਗ ਬਣਾਇਆ ਜਾਣਾ ਚਾਹੀਦਾ ਸੀ ਜਿਹੜਾ ਕਿ ਇਨ੍ਹਾਂ ਖੋਜ-ਕਾਰਜਾਂ ਵਿਚੋਂ ਕਿਧਰੇ ਗ਼ੈਰਹਾਜ਼ਰ ਹੈ।

ਨਾਟਕਕਾਰ ਬਲਵੰਤ ਗਾਰਗੀ ਸਬੰਧੀ ਹੋਈ ਖੋਜ ਦਾ ਇਕ ਰੂਪ ਅੰਤਰ-ਅਨੁਸ਼ਾਸ਼ਨੀ ਤੋਂ ਇਲਾਵਾ ਅੰਤਰ-ਭਾਸ਼ਾਈ ਵੀ ਹੈ।ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਤੋਂ ਇਲਾਵਾ ਥੀਏਟਰ ਅਤੇ ਟੀ.ਵੀ. ਵਿਭਾਗ ਅਤੇ ਐਂਥਰੋਪੋਲੋਜੀਕਲ ਲਿੰਗੁਇਸਟਿਕ ਵਿਭਾਗ ਇਸ ਸਬੰਧੀ ਖੋਜ-ਕਾਰਜ ਕਰਵਾ ਚੁੱਕੇ ਅਤੇ ਨਿਰੰਤਰ ਇਸ ਪਾਸੇ ਕਾਰਜਸ਼ੀਲ ਹਨ।ਪੰਜਾਬ ਤੋਂ ਬਾਹਰ ਦਿੱਲੀ ਯੂਨੀਵਰਸਿਟੀ ਦਿੱਲੀ ਦੇ ਹਿੰਦੀ ਵਿਭਾਗ ਵਿਚ ਅੰਤਰ-ਭਾਸ਼ਾਈ ਖੋਜ ਤਹਿਤ ਹਿੰਦੀ ਭਾਸ਼ਾ ਵਿਚ ਲਿਖਿਆ ਖੋਜਾਰਥੀ 'ਤਿਲਕ ਰਾਜ ਸ਼ਰਮਾ' ਦਾ ਖੋਜ-ਕਾਰਜ ਪ੍ਰਾਪਤ ਹੁੰਦਾ ਹੈ, ਜਿਸ ਵਿਚ ਹਿੰਦੀ ਅਤੇ ਪੰਜਾਬੀ ਦੇ ਸਮੱਸਿਆ ਨਾਟਕਾਂ ਨੂੰ ਅਧਿਐਨ ਕੀਤਾ ਗਿਆ ਹੈ।ਇਸ ਵਿਚ ਹੋਰਨਾਂ ਪੰਜਾਬੀ ਨਾਟਕਕਾਰਾਂ ਤੋਂ ਇਲਾਵਾ ਗਾਰਗੀ ਦੇ ਕੁਝ ਸਮੱਸਿਆ ਨਾਟਕਾਂ ਨੂੰ ਵੀ ਵਿਚਾਰਿਆ ਗਿਆ ਹੈ। ਪਰ ਕੋਈ ਨਵੀਂ ਰਾਏ ਸਾਹਮਣੇ ਨਹੀਂ ਆਉਂਦੀ।

ਇਸ ਸਮੁੱਚੇ ਮੁਲਾਂਕਣ ਉਪਰੰਤ ਨਾਟਕਕਾਰ ਬਲਵੰਤ ਗਾਰਗੀ ਉਪਰ ਹੋਈ ਖੋਜ ਦੇ ਪੱਧਰ ਦਾ ਅੰਦਾਜ਼ਾ ਸਹਿਜੇ ਹੀ ਹੋ ਜਾਂਦਾ ਹੈ।ਇਸ ਖੋਜ ਦੇ ਗਿਣਤੀ ਪੱਖੋਂ ਸੋਹਲੇ ਗਾਉਣ ਦੀ ਬਜਾਇ ਨਾਟ-ਖੋਜ ਦੇ ਮਿਆਰ ਨੂੰ ਉੱਪਰ ਚੁੱਕਣ ਲਈ ਭਵਿੱਖ ਵਿਚ ਖੋਜ ਦੇ ਨਿਯਮਾਂ ਨੂੰ ਹੋਰ ਸਖ਼ਤ ਕਰਨ ਦੀ ਜ਼ਰੂਰਤ ਹੈ ਅਤੇ ਵਿਭਿੰਨ ਯੂਨੀਵਰਸਿਟੀਆਂ ਵਿਚ ਖੋਜ ਪੱਖੋਂ ਕੋਈ ਤਾਲਮੇਲ ਬਿਠਾਉਣ ਲਈ ਸਾਂਝੇ ਰੂਪ ਵਿਚ ਯਤਨ ਜੁਟਾਉਣ ਦੀ ਲੋੜ ਹੈ।ਗਾਰਗੀ ਸਬੰਧੀ ਖੋਜ ਗਿਣਾਤਮਕ ਜ਼ਰੂਰ ਹੈ ਪਰ ਗੁਣਾਤਮਕ ਪੱਧਰ ਉਨ੍ਹਾਂ ਨਹੀਂ ਹੈ।ਇਸ ਖੋਜ ਦਾ ਵਧੇਰੇ ਆਧਾਰ ਰੰਗਮੰਚੀ ਅਧਿਐਨ ਵਿਹੂਣਾ ਤੇ ਸਿਰਫ਼ ਪਾਠਮੂਲਕ ਹੀ ਹੈ।ਗਾਰਗੀ ਦੇ ਪੂਰੇ ਨਾਟਕਾਂ ਦੇ ਮੁਕਾਬਲਤਨ ਇਕਾਂਗੀ ਪੱਖ ਉਤੇ ਚਰਚਾ ਘੱਟ ਹੋਈ ਹੈ।ਖੋਜਾਰਥੀਆਂ ਵਿਚ ਅਧਿਐਨ ਦੀ ਆਲੋਚਨਾਤਮਕ ਸੁਰ ਦੀ ਥਾਂ ਵਧੇਰੇ ਸ਼ਰਧਾਮਈ ਸੁਰ ਹੀ ਬਣੀ ਰਹਿੰਦੀ ਹੈ ਜਿਸ ਕਾਰਨ ਉਹ ਗਾਰਗੀ ਦੀ ਹਰ ਰਚਨਾ ਨੂੰ ਸਫ਼ਲ ਮੰਨੀ ਜਾਂਦੇ ਹਨ ਅਤੇ ਉਸਦੀ ਕਿਸੇ ਪੱਖ ਤੋਂ ਅਯੋਗਤਾ ਜਾਂ ਊਣਤਾਈ ਜਾਂ ਨੁਕਸ ਨੂੰ ਸਾਹਮਣੇ ਨਹੀਂ ਲਿਆ ਪਾਉਂਦੇ।ਗਾਰਗੀ ਦੀਆਂ ਨਾਟ-ਲਿਖਤਾਂ ਦਾ ਅਰਸਤੂ ਦੇ ਪੱਛਮੀ ਨਾਟ-ਸੰਕਲਪ ਤਹਿਤ ਜ਼ਿਆਦਾਤਰ ਖੋਜਾਰਥੀਆਂ ਨੇ ਅਧਿਐਨ ਕੀਤਾ ਹੈ।ਜਦਕਿ ਗਾਰਗੀ ਦੇ ਨਾਟਕਾਂ ਵਿਚ ਲੋਕ-ਰੰਗ ਸ਼ੈਲੀ ਦੇ ਕਿੰਨੇ ਹੀ ਸਥਾਨਕ ਤੱਤ/ਸਰੋਕਾਰ ਸਮੋਏ ਹੋਏ ਹਨ।ਇਨ੍ਹਾਂ ਵਿਚੋਂ ਜ਼ਿਆਦਾਤਰ ਖੋਜ-ਕਾਰਜ ਖੋਜ ਨਾਲੋਂ ਆਲੋਚਨਾ ਜਾਂ ਵਿਆਖਿਆ ਦੇ ਦਾਇਰੇ ਵਿਚ ਰੱਖੇ ਜਾ ਸਕਣ ਵਾਲੇ ਪੱਧਰ ਦੇ ਹਨ ਕਿਉਂਕਿ ਇਹ ਕਿਸੇ ਵੀ ਨਵੀਨ ਧਾਰਨਾ, ਰਾਏ ਜਾਂ ਤੱਥ ਸਾਹਮਣੇ ਲਿਆ ਸਕਣ ਵਿਚ ਅਸਫ਼ਲ ਹੀ ਰਹਿੰਦੇ ਹਨ।ਪੱਛਮੀ ਅਧਿਐਨ ਵਿਧੀਆਂ ਦੇ ਵਾਧੂ ਸੰਕਲਪੀ ਭਾਰ ਹੇਠਾਂ ਨਾਟ-ਕਿਰਤਾਂ ਦੇ ਨਾਟਕੀ ਪੱਖ ਦਾ ਅਧਿਐਨ ਕਿਧਰੇ ਗੁਆਚ ਜਾਂਦਾ ਹੈ।ਖੋਜ-ਵਿਸ਼ਿਆ ਵਿਚ ਹੋ ਰਿਹਾ ਦੁਹਰਾਉ ਖੋਜ ਦੇ ਪੱਧਰ ਨੂੰ ਹੋਰ ਨੀਂਵਾ ਕਰ ਰਿਹਾ ਹੈ ਅਤੇ ਮੌਲਿਕਤਾ ਨੂੰ ਖੋਜ ਵਿਚੋਂ ਖ਼ਤਮ ਕਰ ਰਿਹਾ ਹੈ।ਆਲੋਚਨਾਤਮਕ ਪਹੁੰਚ ਅਪਣਾਉਂਦਿਆਂ ਨਾਟ-ਕਿਰਤਾਂ ਦੇ ਪਾਠਮੂਲਕ ਅਧਿਐਨ ਤੋਂ ਅਗਾਂਹ ਜਾ ਕੇ ਨਵੀਨ ਅਧਿਐਨ ਵਿਧੀਆਂ ਰਾਹੀ ਨਾਟ-ਕਿਰਤਾਂ ਦੇ ਪ੍ਰਸੰਗਮੂਲਕ ਅਧਿਐਨ ਕਰਨ ਦੀ ਵੀ ਸ਼ਖਤ ਜ਼ਰੂਰਤ ਹੈ।ਕੁੱਲ ਮਿਲਾ ਕੇ ਇਹ ਕਹਿਣਾ ਵਾਜਿਬ ਹੋਵੇਗਾ ਕਿ ਜੀਵਨ ਦੇ ਜਿੰਨੇ ਪਹਿਲੂਆਂ ਨੂੰ ਵਿਭਿੰਨ ਕਲਾਤਮਿਕ ਛੋਹਾਂ ਨਾਲ ਗਾਰਗੀ ਨੇ ਆਪਣੇ ਨਾਟਕਾਂ/ਇਕਾਂਗੀਆਂ ਵਿਚ ਪੇਸ਼ ਕੀਤਾ ਹੈ ਉਸ ਉੱਪਰ ਹੋਈ ਨਾਟ-ਖੋਜ ਉਨ੍ਹੀ ਡੂੰਘਾਈ ਨਾਲ ਅਧਿਐਨ-ਪੜਚੋਲ ਕਰਦਿਆਂ ਗਾਰਗੀ ਦੀ ਨਾਟਕੀ/ਰੰਗਮੰਚੀ ਕਲਾ ਦੀਆਂ ਮਹੀਨ ਪਰਤਾਂ ਤੱਕ ਅਜੇ ਪੂਰੀ ਤਰ੍ਹਾਂ ਨਹੀਂ ਪੁੱਜ ਸਕੀ।ਇਸ ਦਿਸ਼ਾ ਵਿਚ ਹੋਰ ਸਾਰਥਕ, ਡੂੰਘੀ ਤੇ ਵਿਗਿਆਨਕ ਖੋਜ ਦੀ ਲੋੜ ਜਾਪਦੀ ਹੈ।

**Imagination is more important than knowledge.**

**~ Albert Einstein**